## ਪੰਜਾਬੀ-004

## Class-X (ਦਸਵੀਂ)

# MARKING SCHEME (ਉੱਤਰ-ਕੁੰਜੀ)

## ਸੈਸ਼ਨ 2025-2026

**Time Allowed: 03 Hours** **Maximum Marks: 80**

**ਸਮਾਂ: 03 ਘੰਟੇ** **ਕੁੱਲ ਅੰਕ: 80**

## ਭਾਗ-I. ਪੜ੍ਹਨ ਕੌਸ਼ਲ (Part-I Reading Skill) 10

**ਨੋਟ: ਹੇਠ ਲਿਖੇ ਵਾਰਤਕ ਪੈਰੇ ਅਤੇ ਕਾਵਿ-ਟੁਕੜੀ ਨੂੰ ਧਿਆਨ ਨਾਲ਼ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਹਨਾਂ ਦੇ ਆਧਾਰ 'ਤੇ/ ਉਹਨਾਂ ਦੇ ਹੇਠਾਂ ਦਿੱਤੇ ਗਏ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ/ਉੱਤਰ ਸ਼ੀਟ ਵਿੱਚ ਦਰਜ ਕਰੋ: 6x1=6**

1. **ਪੈਰੇ ਦੇ ਆਧਾਰ 'ਤੇ ਹੇਠਲੇ ਉੱਤਰ ਸਹੀ ਹਨ :**

(i) ਕਿਸ ਗੁਰੂ ਸਾਹਿਬਾਨ ਦੇ ਸਮੇਂ ਸੈਨਿਕਾਂ ਲਈ ਗਤਕਾ ਸਿੱਖਣਾ ਜ਼ਰੂਰੀ ਸੀ ?

(B) ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ

(ii) ਜਪਾਨ ਦੇਸ ਵਿੱਚ ਕਿਹੜੀ ਖੇਡ ਨੂੰ ਸਵੈ-ਰੱਖਿਆ ਵਾਲ਼ੀ ਖੇਡ ਗਿਣਿਆ ਜਾਂਦਾ ਹੈ ?

(D) ਕਰਾਟੇ

(iii) ਪੈਰੇ ਅਨੁਸਾਰ ਕਿਹੜੀ ਭਾਸ਼ਾ ਦਾ ਸ਼ਬਦ 'ਖ਼ਤਕਾ' ਪੰਜਾਬੀਆਂ ਦੇ ਮੂੰਹ ਚੜ੍ਹ ਕੇ 'ਗਤਕਾ' ਬਣਿਆ ਹੈ ?

(A) ਫ਼ਾਰਸੀ

(iv) ਪੈਰੇ ਅਨੁਸਾਰ ਮਾਪੇ ਆਪਣੇ ਬੱਚਿਆਂ ਨੂੰ ਗਤਕਾ ਸਿਖਾਉਣ ਲਈ ਕਿਸ ਕੋਲ਼ ਲਿਜਾਂਦੇ ਹਨ ?

(C) ਉਸਤਾਦਾਂ

(v) ਪਹਿਲਾਂ-ਪਹਿਲ ਅਨੰਦਪੁਰ ਸਾਹਿਬ ਤੇ ਪਾਉਂਟਾ ਸਾਹਿਬ, .................... ਦੇ ਵੱਡੇ ਕੇਂਦਰ ਸਨ । ਪੈਰੇ ਅਨੁਸਾਰ ਸਹੀ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ:

(A) ਗਤਕੇ

(vi) ਪਹਿਲਾਂ-ਪਹਿਲ ਗਤਕਾ ਖੇਡ ਕੇਵਲ ਕਿਨ੍ਹਾਂ ਤੱਕ ਸੀਮਿਤ ਸੀ ?

(C) ਮਰਦਾਂ

2. **ਕਾਵਿ-ਟੁਕੜੀ ਦੇ ਆਧਾਰ 'ਤੇ ਹੇਠ ਲਿਖੇ ਸੰਭਾਵੀ ਉੱਤਰ ਹੋ ਸਕਦੇ ਹਨ :** **4X1=4**

(i) ਕਵਿਤਾ ਅਨੁਸਾਰ ਬੱਚੇ ਰਲ਼ ਕੇ ਕੀ ਕਰਦੇ ਹਨ ?

ਉੱਤਰ: ਖੇਡਾਂ ਖੇਡਦੇ ਹਨ

(ii) ਬੱਚੇ ਇੱਕ-ਦੂਜੇ ਨੂੰ ਕੀ ਮਾਰਦੇ ਹਨ ?

ਉੱਤਰ: ਹਾਕਾਂ

(iii) ਬੱਚਿਆਂ ਦੀ ਕਿਸ ਖੇਡ ਵਿੱਚ ਇੱਕ ਬੈਠਦਾ ਤੇ ਬਾਕੀ ਘੁੰਮਦੇ ਹਨ ?

ਉੱਤਰ: ਕੋਟਲਾ-ਛਪਾਕੀ

(iv) ਬੱਚਿਆਂ ਦੀ ਕਿਹੜੀ ਖੇਡ ਸਭ ਨੂੰ ਬੜੀ ਪਿਆਰੀ ਲਗਦੀ ਹੈ ?

ਉੱਤਰ: ਕੂਕਾਂ-ਕਾਂਗੜੇ

## ਭਾਗ-II ਵਿਆਕਰਨ (Part-II Grammar) 12

### 3. ਸਮਾਸੀ ਸ਼ਬਦ: (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2X1=2

(i) ਹੇਠ ਲਿਖਿਆਂ ਵਿੱਚੋਂ ਕਿਹੜਾ ਇੱਕ ਸਮਾਸੀ ਸ਼ਬਦ **ਨਹੀਂ** ਹੈ ?

(C) ਵਿਸ਼ਵਾਸ

(ii) ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਵਿਸ਼ੇਸ਼ਣ+ਨਾਂਵ ਸ਼ਬਦਾਂ ਦੇ ਸੁਮੇਲ ਨਾਲ਼ ਬਣਿਆ ਹੈ ?

(D) ਕਾਲ਼ੇ-ਪਾਣੀ

(iii) ‘ਜੱਗ-ਬੀਤੀ’ ਸਮਾਸੀ-ਸ਼ਬਦ ਲਈ ਠੀਕ ਸ਼ਬਦ-ਸਮੂਹ ਚੁਣੋ-

(A) ਜੱਗ ਨਾਲ਼ ਬੀਤੀ

### 4. ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2X1=2

(i) ਹੇਠ ਲਿਖਿਆਂ ਵਿੱਚੋਂ ਕਿਹੜਾ ਸ਼ਬਦ ‘ਉੱਠ’ ਸ਼ਬਦ ਦਾ ਬਹੁ-ਅਰਥਕ ਸ਼ਬਦ **ਨਹੀ** ਹੈ ?

(B) ਇੱਕ ਜਾਨਵਰ

(ii) ਹੇਠ ਲਿਖੇ ਵਾਕ ਵਿਚਲੀਆਂ ਖਾਲੀ ਥਾਵਾਂ ਭਰਨ ਲਈ ਢੁਕਵਾਂ ਬਹੁ-ਅਰਥਕ ਸ਼ਬਦ ਚੁਣੋ:

ਆਰਥਿਕ ਹਾਲਤ ਚੰਗੀ ਹੋਣ ਕਾਰਨ, ਉਸ ਦਾ ਘਰ ਪਿੰਡ ਵਿੱਚ ਸਭ ਤੋਂ .......... ਹੈ ਪਰ ਉਹ ਏਨਾ ਨਿਮਰਤਾਵਾਨ ਹੈ ਕਿ ਉਸ ਨੇ ਪਿੰਡ ਵਿੱਚ ਕਦੇ ਕਿਸੇ ਨੂੰ ............ ਨਹੀਂ ਸੀ ਬੋਲਿਆ। ਹੁਣ ਤਾਂ ਵਿਚਾਰੇ ਨੂੰ ਖ਼ੁਦ ਹੀ ............. ਸੁਣਦਾ ਹੈ।

(C) ਉੱਚਾ

(iii) ‘ਸਹੀ’ ਦਾ ਇੱਕ ਅਰਥ ਹੈ; ‘ਠੀਕ’ ਹੋਰ ਅਰਥ ਹੈ/ਹਨ:

(A) ਦਸਖ਼ਤ

### 5. ਕਿਰਿਆ-ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2X1=2

(i) ਹੇਠ ਲਿਖੇ ਸ਼ਬਦ ਸਮੂਹਾਂ ਵਿੱਚੋਂ ਕਾਲ-ਵਾਚਕ ਕਿਰਿਆ-ਵਿਸ਼ੇਸ਼ਣ ਚੁਣੋ :

(C) ਜਦੋਂ, ਦੁਪਹਿਰੇ, ਕੁਵੇਲੇ

(ii) ਵਿਆਕਰਨ ਅਨੁਸਾਰ ਹੇਠ ਦਿੱਤੇ ਵਿਕਲਪਾਂ ਵਿੱਚੋਂ ਕਿਹੜੀ ਕਿਰਿਆ-ਵਿਸ਼ੇਸ਼ਣ ਦੀ ਇੱਕ ਕਿਸਮ ਹੈ ?

(A) ਤਾਕੀਦ-ਵਾਚਕ

(iii) ਹੇਠ ਲਿਖੇ ਵਾਕ ਵਿੱਚੋਂ ਕਿਰਿਆ-ਵਿਸ਼ੇਸ਼ਣ ਚੁਣੋ :

ਸਾਨੂੰ ਬਹੁਤਾ ਨਹੀਂ ਬੋਲਣਾ ਚਾਹੀਦਾ ।

(B) ਬਹੁਤਾ

6. **ਅਗੇਤਰ-ਪਿਛੇਤਰ:** **1+1=2**

**ਪੁੱਛੇ ਗਏ ਅਨੁਸਾਰ ਹੱਲ ਕਰੋ:**

(i) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਅਗੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਉੱਤਰ: ਸਹਿ: ਸਹਿਕਾਰੀ, ਸਹਿਪਾਠੀ, ਸਹਿਗਾਣ, ਸਹਿਮਤ

ਨਿ: ਨਿਆਸਰਾ, ਨਿਸੰਗ, ਨਿਕੰਮਾ, ਨਿਗੁਰਾ, ਨਿਡਰ

(ii) ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ ਪਿਛੇਤਰ** ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ :

ਉੱਤਰ: ਤਾ: ਉਪਰਾਮਤਾ, ਉੱਤਮਤਾ, ਅਰੋਗਤਾ, ਇਕਸੁਰਤਾ

ਗਾਰ: ਗੁਨਾਹਗਾਰ, ਪਰਹੇਜ਼ਗਾਰ, ਮਦਦਗਾਰ

7. **ਮੁਹਾਵਰੇ:** ਹੇਠ ਲਿਖਿਆਂ ਵਿੱਚੋਂ ਕਿਸੇ **ਚਾਰ ਮੁਹਾਵਰਿਆਂ** ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ: **4X1=4**

(i) ਕੌੜਾ ਘੁੱਟ ਭਰਨਾ: ਜੀਵਨ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਈ ਕਈ ਵਾਰ ਕੌੜੇ ਘੁੱਟ ਭਰਨੇ ਪੈਂਦੇ ਹਨ।

(ii) ਖੱਟੇ ਪਿਆ ਹੋਣਾ: ਮੈਂ ਤਾਂ ਸੋਚਿਆ ਸੀ ਕਿ ਹੁਣ ਤੱਕ ਕੰਮ ਹੋ ਗਿਆ ਹੋਣਾ ਪਰ ਇਹ ਤਾਂ ਅਜੇ ਵੀ ਖੱਟੇ ਹੀ ਪਿਆ ਹੋਇਆ ਹੈ।

(iii) ਗੁੱਡੀ ਚੜ੍ਹਨੀ: ਵਪਾਰ ਵਿੱਚ ਅੱਜ-ਕੱਲ੍ਹ ਗੁਰਪਾਲ ਦੀ ਖ਼ੂਬ ਗੁੱਡੀ ਚੜ੍ਹੀ ਹੋਈ ਹੈ।

(iv) ਚਿੱਕੜ ਸੁੱਟਣਾ: ਉਸ ਨੂੰ ਬਿਨਾਂ ਗੱਲ ਹੀ ਹਰ ਕਿਸੇ 'ਤੇ ਚਿੱਕੜ ਸੁੱਟਣ ਦੀ ਆਦਤ ਹੈ।

(v) ਛਿੱਲ ਲਾਹੁਣਾ: ਕਈ ਦੁਕਾਨਦਾਰ ਤਿਓਹਾਰਾਂ ਦੇ ਦਿਨਾਂ ਵਿੱਚ ਗਾਹਕਾਂ ਦੀ ਖ਼ੂਬ ਛਿੱਲ ਲਾਹੁੰਦੇ ਹਨ।

(vi) ਜ਼ਬਾਨੀ ਜਮ੍ਹਾਂ-ਖ਼ਰਚ ਕਰਨਾ: ਉਹ ਕੋਈ ਕੰਮ ਨਹੀਂ ਕਰਦਾ ਬੱਸ ਜ਼ਬਾਨੀ ਜਮ੍ਹਾਂ-ਖ਼ਰਚ ਕਰਦਾ ਰਹਿੰਦਾ ਹੈ।

## ਭਾਗ-III. ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Part III: Writing Skill) 8+6+4=18

8. ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿੱਚ ਲੇਖ ਲਿਖੋ : 1X8=8

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | |
|---|---|
| ਭੂਮਿਕਾ: | 1 ਅੰਕ |
| ਪੇਸ਼ਕਾਰੀ: | 2 ਅੰਕ |
| ਵਿਸ਼ੇ ਦਾ ਗਿਆਨ: | 3 ਅੰਕ |
| ਸ਼ਬਦ-ਚੋਣ: | 1 ਅੰਕ |
| ਸ਼ਬਦ-ਜੋੜ: | 1 ਅੰਕ) |

9. ਪੱਤਰ ਰਚਨਾ: 1X6 = 6

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਅੰਕਾਂ ਦੀ ਵੰਡ ਇਸ ਪ੍ਰਕਾਰ ਹੋਵੇਗੀ:-

| | | |
|---|---|---|
| (i) | **ਤੁਹਾਡਾ ਕੋਈ ਨੇੜਲਾ ਰਿਸ਼ਤੇਦਾਰ, ਚੰਗੇ ਅੰਕਾਂ ਨਾਲ਼ ਪਾਸ ਹੋਣ ਦੀ ਖ਼ੁਸ਼ੀ ਵਿੱਚ ਤੁਹਾਨੂੰ ਕੋਈ ਸੁਗਾਤ ਦੇਣਾ ਚਾਹੁੰਦਾ ਹੈ। ਇੱਕ ਪੱਤਰ ਰਾਹੀਂ ਉਹਨਾਂ ਨੂੰ ਆਪਣੀ ਰੁਚੀ ਅਨੁਸਾਰ ਕੁਝ ਚੰਗੀਆਂ ਪੁਸਤਕਾਂ ਸੁਗਾਤ ਵਜੋਂ ਦੇਣ ਲਈ ਸੁਝਾਅ ਦਿਓ।** | |
| | ਪਰੀਖਿਆ ਭਵਨ,<br>......... ਸ਼ਹਿਰ।<br>ਮਿਤੀ............... | 1 |
| | ਸਤਿਕਾਰਯੋਗ ........................ ,<br>ਸਤਿ ਸ੍ਰੀ ਅਕਾਲ/ਨਮਸਤੇ । | 1 |
| | ਵਿਸ਼ਾ-ਸਮਗਰੀ/ਵਿਸ਼ੇ ਦਾ ਵਿਸਥਾਰ ..........................................<br>..........................................<br>.......................................... | 3 |
| | ਆਪ ਜਾ ਦਾ ਪਿਆਰਾ .............,<br>ਕ. ਖ. ਗ.। | 1 |
| ਜਾਂ (OR) | | |
| (ii) | **ਤੁਹਾਡਾ ਮੋਬਾਈਲ ਫੋਨ ਘੁੰਮ ਹੋ ਗਿਆ ਹੈ, ਆਪਣੇ ਇਲਾਕੇ ਦੇ ਥਾਣੇ ਦੇ ਐੱਸ.ਐੱਚ. ਓ. ਨੂੰ ਇਸ ਦੀ ਰਿਪੋਰਟ ਲਿਖਵਾਉਣ ਲਈ ਪੱਤਰ ਲਿਖੋ।** | |
| | ਸੇਵਾ ਵਿਖੇ<br>ਐੱਸ.ਐੱਚ. ਓ. ਸਾਹਿਬ/ਸਾਹਿਬਾਂ,<br>ਥਾਣਾ...............................,<br>..................... ਸ਼ਹਿਰ। | 1 |
| | ਵਿਸ਼ਾ-..........................................।<br>ਸ੍ਰੀ ਮਾਨ/ਮਤੀ ਜੀ, | 1 |
| | ਵਿਸ਼ਾ-ਸਮਗਰੀ/ਵਿਸ਼ੇ ਦਾ ਵਿਸਥਾਰ ..........................................<br>..........................................<br>.......................................... | 3 |
| | ਆਪ ਜੀ ਦਾ/ਦੀ ਵਿਸ਼ਵਾਸ-ਪਾਤਰ,<br>ਮਿਤੀ:.................. ਕ. ਖ. ਗ.। | 1 |

10. ਹੇਠਲੀ ਤਸਵੀਰ ਨੂੰ ਧਿਆਨ ਨਾਲ਼ ਵੇਖੋ ਅਤੇ ਉਸ ਬਾਰੇ 50 ਸ਼ਬਦਾਂ ਵਿੱਚ ਲਿਖੋ: 1X4=4

ਨੋਟ: ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ ਅਤੇ ਵਿਦਿਆਰਥੀ ਦੇ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ, ਬਣਦੇ ਅੰਕ ਦਿੱਤੇ ਜਾਣ।

**ਨੋਟ: ਇਹ ਪ੍ਰਸ਼ਨ ਤਸਵੀਰ ਆਧਾਰਿਤ ਪ੍ਰਸ਼ਨ ਦੀ ਥਾਂ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ:-**

ਤੁਹਾਡੇ ਸਕੂਲ ਵਿੱਚ ਪੀਣ ਵਾਲ਼ੇ ਪਾਣੀ ਦੀ ਬਹੁਤ ਸਮੱਸਿਆ ਹੈ, ਆਪਣੇ ਸਕੂਲ ਦੇ ਮੁਖੀ ਨੂੰ ਇਸ ਵਿੱਚ ਸੁਧਾਰ ਕਰਨ ਲਈ ਪੱਤਰ ਲਿਖੋ।

ਵਿਦਿਆਰਥੀ ਆਪਣੀ ਜਾਣਕਾਰੀ, ਸੋਚ ਤੇ ਬੁੱਧੀ ਮੁਤਾਬਕ ਲਿਖਣਗੇ। ਵਿਦਿਆਰਥੀ ਦੇ ਵੇਰਵਿਆਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹੋਏ ਬਣਦੇ ਅੰਕ ਦਿੱਤੇ ਜਾਣ ।

## IV. ਪਾਠ-ਪੁਸਤਕਾਂ 'ਤੇ ਆਧਾਰਿਤ ਪ੍ਰਸ਼ਨ

## (IV. Text Books based questions) 5+5+4+14+8+4=40

11. **ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) :** 5X1=5

(i) **'ਘਰ ਦਾ ਪਿਆਰ'** ਲੇਖ ਅਨੁਸਾਰ ਬਚਪਨ ਦੇ ਜ਼ਰੂਰੀ ਤਜ਼ਰਬਿਆਂ ਨੂੰ ਨਾ ਸਮਝਣ ਵਾਲ਼ੇ ਲਿਖਾਰੀਆਂ ਨੇ ਮਹਾਤਮਾ ਬੁੱਧ ਤੇ ਗੁਰੂ ਨਾਨਕ ਦੇਵ ਜੀ ਦੇ ਮਾਪਿਆਂ ਦੇ ਆਚਰਨ ਨੂੰ ਬਹੁਤ ............ ਰੰਗ ਵਿੱਚ ਰੰਗਿਆ ਹੈ। ਸਹੀ ਵਿਕਲਪ ਚੁਣ ਕੇ ਖਾਲੀ ਸਥਾਨ ਭਰੋ।

ਉੱਤਰ: (A) ਕੋਝੇ

(ii) **'ਬੋਲੀ'** ਲੇਖ ਵਿੱਚ ਲੇਖਕ ਨੇ ਜ਼ਿੰਦਗੀ ਵਿੱਚ ਸਭ ਤੋਂ ਵਧੇਰੇ ਧਿਆਨ ਮੰਗਣ ਵਾਲ਼ੀ ਦੌਲਤ ਕਿਸ ਨੂੰ ਆਖਿਆ ਹੈ?

ਉੱਤਰ: (C) ਬੋਲੀ ਨੂੰ

(iii) 'ਮੇਰੇ ਵੱਡੇ ਵਡੇਰੇ' ਲੇਖ ਅਨੁਸਾਰ ਪਿੰਡ ਵਿੱਚ ਆਏ ਪਹਿਲਵਾਨ ਦੇ ਸੁਆਗਤ ਲਈ ਕੌਣ ਗਿਆ ਸੀ ?

ਉੱਤਰ: (B) ਚੌਧਰੀ ਚੜ੍ਹਤ ਸਿੰਘ

(iv) **'ਕੁਲਫ਼ੀ'** ਕਹਾਣੀ ਵਿੱਚ ਕਹਾਣੀਕਾਰ ਆਪ ਕਿਸ ਚੀਜ਼ ਦਾ ਲੋਭੀ ਸੀ ?

ਉੱਤਰ: (D) ਮਿੱਠੇ ਦਾ

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਅਨੁਸਾਰ ਅੰਮ੍ਰਿਤਸਰ ਤੋਂ ਚੂਹੜਕਾਣਾ ਕਿੰਨਾ ਦੂਰ ਸੀ ?

ਉੱਤਰ: (B) ਪੰਜਾਹ ਕੋਹ

(vi) 'ਅੰਗ-ਸੰਗ' ਕਹਾਣੀ ਅਨੁਸਾਰ ਅਮਰੀਕ ਸਿੰਘ ਕੀ ਕੰਮ ਕਰਦਾ ਸੀ ?

ਉੱਤਰ: (C) ਸਰਕਾਰੀ ਨੌਕਰੀ

12. **ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) : 5X1=5**

(i) 'ਭੰਡਿ ਮੰਗਣੁ ਵੀਆਹੁ' ਵਿੱਚ 'ਮੰਗਣੁ' ਸ਼ਬਦ ਦੇ ਕੀ ਅਰਥ ਹਨ ?

ਉੱਤਰ: (C) ਕੁੜਮਾਈ

(ii) 'ਸਤਿਗੁਰ ਨਾਨਕ ਪ੍ਰਗਟਿਆ' ਰਚਨਾ ਅਨੁਸਾਰ ਚਾਰੋ ਦਿਸ਼ਾਵਾਂ ਨੂੰ ਕਿਸ ਨੇ ਤਾਰ ਦਿੱਤਾ ਹੈ ?

ਉੱਤਰ: (A) ਸ੍ਰੀ ਗੁਰੂ ਨਾਨਕ ਦੇਵ ਜੀ

(iii) ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚਨਾ 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਵਿੱਚ ਪਰਮਾਤਮਾ ਨਾਲ਼ ਮਾਤਾ -ਪਿਤਾ ਤੋਂ ਇਲਾਵਾ ਹੋਰ ਕਿਹੜਾ ਰਿਸ਼ਤਾ ਸਥਾਪਿਤ ਕੀਤਾ ਹੈ ?

ਉੱਤਰ: (B) ਭਰਾ ਤੇ ਰਿਸ਼ਤੇਦਾਰ

(iv) 'ਦੂਜਾ ਵਿਆਹ' ਇਕਾਂਗੀ ਵਿੱਚ ਮਨਜੀਤ ਕੌਰ ਆਪਣੀ ਸੱਸ ਨੂੰ ਕੀ ਮੁੱਕ ਜਾਣ ਬਾਰੇ ਦੱਸਦੀ ਹੈ ?

ਉੱਤਰ: (D) ਖੰਡ

(v) 'ਜ਼ਫ਼ਰਨਾਮਾ' ਇਕਾਂਗੀ ਅਨੁਸਾਰ ਔਰੰਗਜ਼ੇਬ ਦੇ ਸ਼ਾਹੀ ਮਹੱਲ ਤੇ ਦਰਬਾਰ ਵਿੱਚ ਕਿਸ ਗੱਲ ਦੀ ਮਨਾਹੀ ਸੀ?

ਉੱਤਰ: (A) ਸੰਗੀਤ ਤੇ ਨਾਚ ਦੀ

(vi) "ਜਹਾਨ ਪਨਾਹ ਦੀ ਖ਼ਿਦਮਤ ਤੋਂ ਬਿਨਾਂ ਮੇਰੀ ਵੀ ਜ਼ਿੰਦਗੀ ਦਾ ਕੋਈ ਮਕਸਦ ਨਹੀਂ ।" 'ਜ਼ਫ਼ਰਨਾਮਾ' ਇਕਾਂਗੀ ਵਿੱਚ ਇਹ ਸ਼ਬਦ ਕਿਸ ਨੇ ਕਹੇ ?

ਉੱਤਰ: (B) ਬੇਗ਼ਮ ਉਦੈਪੁਰੀ ਨੇ

13. **ਕਹਾਣੀ ਤੇ ਵਾਰਤਕ ਵਿੱਚੋਂ ( ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਦਿਓ) : 4X1=4**

(i) 'ਮੇਰੇ ਵੱਡੇ-ਵਡੇਰੇ' ਲੇਖ ਅਨੁਸਾਰ ਬਾਬਿਆਂ ਦੀ ਭੈਣ ਕਿਹੜੇ ਪਿੰਡ ਵਿਆਹੀ ਹੋਈ ਸੀ ?

ਉੱਤਰ : ਚੜਿਕ ਪਿੰਡ

(ii) ਬੋਲੀ ਕਿਸ ਦੇ ਹੁਸਨਾਂ ਤੇ ਸਵਾਦਾਂ ਦਾ ਜਾਦੂ ਹੈ ?

ਉੱਤਰ: ਜ਼ਿੰਦਗੀ ਦੇ

(iii) **'ਘਰ ਦਾ ਪਿਆਰ'** ਲੇਖ ਵਿੱਚ ਆਏ ਵੇਰਵਿਆਂ ਅਨੁਸਰ ਸਿੱਖ ਗੁਰੂ ਸਾਹਿਬਾਨ ਨੇ ਕਿਸ ਤਰ੍ਹਾਂ ਦੇ ਜੀਵਨ ਉੱਪਰ ਜ਼ੋਰ ਦਿੱਤਾ ਹੈ ?

ਉੱਤਰ: ਘਰੋਗੀ

(iv) **'ਕੁਲਫ਼ੀ'** ਕਹਾਣੀ ਵਿੱਚ ਸ਼ਾਹਾਂ ਦੇ ਘਰੋਂ ਕਾਕੇ ਦੇ ਘਰ ਉਲ੍ਹਾਮਾ ਦੇਣ ਲਈ ਕੌਣ ਆਇਆ ਸੀ ?

ਉੱਤਰ: ਸ਼ਾਹਣੀ

(v) 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਮਾਝੇ ਦੇ ਇਲਾਕੇ ਦੇ ਰਹਿਣ ਵਾਲਿਆਂ ਨੂੰ ਕੀ ਆਖਿਆ ਗਿਆ ਹੈ ?

ਉੱਤਰ: ਮਝੈਲ

14. **ਕਹਾਣੀ, ਵਾਰਤਕ ਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਦਿਓ) :7X2=14**

(i) ਅਮਰੀਕ ਕਿਸ ਗੱਲ ਲਈ ਆਪਣੇ ਪਿਓ ਤੋਂ ਖੁਸ਼ ਸੀ ? 'ਅੰਗ-ਸੰਗ' ਕਹਾਣੀ ਦੇ ਆਧਾਰ 'ਤੇ ਦੱਸੋ ।

ਉੱਤਰ: ਅਮਰੀਕ ਇਸ ਗੱਲੋਂ ਖੁਸ਼ ਸੀ ਕਿ ਉਸ ਦਾ ਪਿਓ ਉਸ ਦੀਆਂ ਦੋ ਭੈਣਾਂ ਦਾ ਵਿਆਹ ਆਪਣੇ ਹੱਥੀਂ ਕਰ ਗਿਆ ਸੀ ਤੇ ਅਮਰੀਕ ਨੇ ਸਿਰਫ਼ ਛੋਟੀ ਭੈਣ ਦੇ ਵਿਆਹ ਬਾਰੇ ਸੋਚਣਾ ਸੀ ।

(ii) ਕੁਲਫ਼ੀ' ਕਹਾਣੀ ਵਿੱਚ ਕਾਕੇ ਨੇ ਲੇਖਕ ਕੋਲੋਂ ਟਕਾ ਕਿਉਂ ਮੰਗਿਆ ਸੀ ?

ਉੱਤਰ: ਗਲੀ ਵਿੱਚ ਮੁਰਮੁਰੇ ਵਾਲ਼ਾ ਉੱਚੀ-ਉੱਚੀ ਹੋਕੇ ਦੇ ਰਿਹਾ ਸੀ ਤੇ  ਕਾਕਾ ਮੁਰਮੁਰਾ ਖਾਣਾ ਚਾਹੁੰਦਾ ਸੀ । ਇਸ ਲਈ ਕਾਕੇ ਨੇ ਲੇਖਕ ਤੋਂ ਟਕੇ ਦੀ ਮੰਗ ਕੀਤੀ ਸੀ ।

(iii) 'ਧਰਤੀ ਹੇਠਲਾ ਬਲ਼ਦ' ਕਹਾਣੀ ਵਿੱਚ ਕਰਮ ਸਿੰਘ ਦੇ ਪਿਤਾ ਨੂੰ 'ਧਰਤੀ ਹੇਠਲਾ ਬਲ਼ਦ' ਕਿਉਂ ਕਿਹਾ ਗਿਆ ਹੈ ?

ਉੱਤਰ: ਕਰਮ ਸਿੰਘ ਦੇ ਪਿਤਾ ਵੱਲੋਂ ਕਰਮ ਸਿੰਘ ਦੀ ਮੌਤ ਦੀ ਏਡੀ ਵੱਡੀ ਦੁਖਦਾਈ ਖ਼ਬਰ ਮਾਨ ਸਿੰਘ ਤੋਂ ਉਸ ਦੀ ਛੁੱਟੀ ਖ਼ਰਾਬ ਨਾ ਕਰਨ ਦਾ ਸੋਚ ਕੇ ਲਕਾਉਣ ਕਾਰਨ ਕਿਹਾ ਗਿਆ ਹੈ ।

(iv) ਤੁਹਾਡੇ ਅਨੁਸਾਰ 'ਦੂਜਾ ਵਿਆਹ' ਇਕਾਂਗੀ ਵਿੱਚ ਨਿਹਾਲ ਕੌਰ ਨੂੰ ਮਨਜੀਤ ਕੌਰ ਦਾ ਆਪਣੇ ਪਤੀ ਨੂੰ ਨਾਂ ਲੈ ਕੇ ਬੁਲਾਉਣਾ ਬੁਰਾ ਲੱਗਣਾ ਕਿੰਨੀ ਕੁ ਸਹੀ ਹੈ ? ਇਸ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ ।

ਉੱਤਰ:   ਵਿਦਿਆਰਥੀ ਆਪਣੀ ਸੋਚ ਤੇ ਸੂਝ-ਬੂਝ ਮੁਤਾਬਕ ਲਿਖਣਗੇ । ਸੋ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ ।

(v) 'ਜ਼ਫ਼ਰਨਾਮਾ'ਇਕਾਂਗੀ ਦੇ ਆਧਾਰ 'ਤੇ ਦੱਸੋ ਕਿ ਔਰੰਗਜ਼ੇਬ ਦੇ ਪੁੱਤਰਾਂ ਵਿੱਚ ਖ਼ਾਨਾ-ਜੰਗੀ ਕਿਉਂ ਸ਼ੁਰੂ ਹੋਈ ਸੀ ?

ਉੱਤਰ: ਔਰੰਗਜ਼ੇਬ ਦੇ ਪੁੱਤਰ ਇਕ ਤਾਂ ਉਸ ਦੇ ਸਖ਼ਤ ਸੁਭਾਅ ਕਰਕੇ ਉਸ ਦੇ ਖਿਲਾਫ਼ ਹੋ ਗਏ, ਦੂਜਾ ਉਹ ਔਰੰਗਜ਼ੇਬ ਦੇ ਤਖ਼ਤੋ-ਤਾਜ ਨੂੰ ਹਾਸਲ ਕਰਨਾ ਚਾਹੁੰਦੇ ਸਨ। ਇਸ ਕਰਕੇ ਉਹਨਾਂ ਵਿੱਚ ਖ਼ਾਨਾ-ਜੰਗੀ ਸ਼ੁਰੂ ਹੋ ਗਈ ।

(vi) 'ਤੁਰਨ ਦਾ ਹੁਨਰ' ਪਾਠ ਅਨੁਸਾਰ ਯੂਨਾਨੀ ਪਾਤਰ ਯੂਲੀਸਿਸ ਤੇ ਗੁਰੂ ਨਾਨਕ ਦੇਵ ਜੀ ਕਿਸ ਗੱਲ ਦਾ ਪ੍ਰਤੀਕ ਹਨ ਅਤੇ ਉਸ ਪ੍ਰਤੀਕ ਦੇ ਅਰਥ ਵਜੋਂ ਹੋਰ ਕਿਹੜੇ ਸ਼ਬਦ ਵਰਤੇ ਹਨ?

ਉੱਤਰ: ਪਾਠ ਅਨੁਸਾਰ ਯੂਨਾਨੀ ਪਾਤਰ ਯੂਲੀਸਿਸ ਤੇ ਗੁਰੂ ਨਾਨਕ ਦੇਵ ਜੀ ਤੁਰਦੇ ਰਹਿਣ ਵਾਲ਼ੇ ਵਿਅਕਤੀਆਂ ਦੇ ਪ੍ਰਤੀਕ ਹਨ । ਲੇਖਕ ਅਨੁਸਾਰ ਯਾਤਰੀ, ਜਗਿਆਸੂ, ਅਭਿਲਾਸ਼ੀ ਦੇ ਅਰਥ ਤੁਰਨ ਵਾਲ਼ੇ ਵਿਅਕਤੀ ਤੋਂ ਹਨ ।

(vii) **'ਘਰ ਦਾ ਪਿਆਰ'** ਲੇਖ ਵਿੱਚ ਲੇਖਕ ਵੱਲੋਂ ਵੱਡੇ-ਵੱਡੇ ਕਥੱਕੜਾਂ ਦੀ ਜ਼ਿੰਦਗੀ ਬਾਰੇ ਜੋ ਵਿਚਾਰ ਪ੍ਰਗਟ ਕੀਤੇ ਗਏ ਹਨ, ਤੁਸੀਂ ਉਹਨਾਂ ਨਾਲ਼ ਕਿੰਨੇ ਕੁ ਸਹਿਮਤ ਹੋ ਆਪਣੇ ਵਿਚਾਰ ਦਲੀਲਾਂ ਸਾਹਿਤ ਪ੍ਰਗਟ ਕਰੋ ।

**ਉੱਤਰ:**   ਵਿਦਿਆਰਥੀ ਆਪਣੀ ਸੋਚ ਤੇ ਸੂਝ-ਬੂਝ ਮੁਤਾਬਕ ਲਿਖਣਗੇ । ਸੋ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ ।

(viii) "ਪੜ੍ਹਾਈ ਆਪਣੇ-ਆਪ ਵਿੱਚ ਕੋਈ ਵੱਡਾ ਤਜਰਬਾ ਨਹੀਂ।" 'ਬੋਲੀ' ਲੇਖ ਵਿੱਚ ਲੇਖਕ ਵੱਲੋਂ ਪ੍ਰਗਟਾਏ ਇਸ ਵਿਚਾਰ ਬਾਰੇ ਆਪਣੇ ਤਰਕ ਦਿਓ।

ਉੱਤਰ: ਵਿਦਿਆਰਥੀ ਆਪਣੀ ਸੋਚ ਤੇ ਸੂਝ-ਬੂਝ ਮੁਤਾਬਕ ਲਿਖਣਗੇ। ਸੋ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।

15. **ਕਵਿਤਾ ਤੇ ਵਾਰਤਕ ਵਿੱਚੋਂ (ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 2X4=8**

(i) 'ਜੰਗ ਦਾ ਹਾਲ ਬਿਆਨ ਕਰਦੇ ਸਮੇਂ ਸ਼ਾਹ ਮੁਹੰਮਦ ਦੀ ਹਮਦਰਦੀ ਸਿੱਖ ਫ਼ੌਜਾਂ ਨਾਲ਼ ਵਧੇਰੇ ਹੈ।' 'ਜੰਗ ਦਾ ਹਾਲ' ਰਚਨਾ ਦੇ ਆਧਾਰ 'ਤੇ ਦੱਸੋ ਕਿ ਇਹ ਕਥਨ ਕਿੰਨਾ ਕੁ ਸਹੀ ਹੈ।

ਉੱਤਰ: ਵਿਦਿਆਰਥੀ ਆਪਣੀ ਸੋਚ ਤੇ ਸੂਝ-ਬੂਝ ਮੁਤਾਬਕ ਲਿਖਣਗੇ। ਸੋ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।

ਜਾਂ (OR)

(ii) "ਕਿਰਪਾ ਕਰਿ ਕੈ ਬਖਸਿ ਲੈਹੁ" ਬਾਣੀ ਵਿੱਚ ਗੁਰੂ ਅਮਰਦਾਸ ਜੀ ਅਨੁਸਾਰ ਗੁਰੂ ਪ੍ਰਸੰਨ ਹੋ ਜਾਣ 'ਤੇ ਕੀ ਬਖ਼ਸ਼ਿਸ਼ ਕਰਦਾ ਹੈ ਅਤੇ ਉਹ ਪਰਮਾਤਮਾ ਅੱਗੇ ਕਿਹੜੀ ਕਿਰਪਾ ਕਰਨ ਦੀ ਬੇਨਤੀ ਕਰ ਰਹੇ ਹਨ?

ਉੱਤਰ: ਉਹਨਾਂ ਅਨੁਸਾਰ ਜਿਸ ਮਨੁੱਖ ਉੱਤੇ ਗੁਰੂ ਪ੍ਰਸੰਨ ਹੁੰਦਾ ਹੈ, ਉਸ ਨੂੰ ਪ੍ਰਭੂ ਨੂੰ ਮਿਲਾਉਂਦਾ ਹੈ ਅਤੇ ਉਸ ਦੇ ਵਿਕਾਰ ਕੱਟ ਕੇ ਉਸ ਨੂੰ ਨਾਮ-ਸਿਮਰਨ ਦੀ ਦਾਤ ਬਖ਼ਸ਼ਿਸ਼ ਕਰਦਾ ਹੈ । ਗੁਰੂ ਜੀ ਪਰਮਾਤਮਾ ਅੱਗੇ ਭੁੱਲਾਂ ਅਤੇ ਔਗੁਣਾਂ ਨੂੰ ਬਖ਼ਸ਼ ਕੇ, ਸਾਨੂੰ ਆਪਣੇ ਚਰਨਾਂ ਵਿੱਚ ਥਾਂ ਦੇਣ ਦੀ ਕਿਰਪਾ ਕਰਨ ਦੀ ਬੇਨਤੀ ਕਰ ਰਹੇ ਹਨ।

(iii) 'ਤੁਰਨ ਦਾ ਹੁਨਰ' ਪਾਠ ਵਿੱਚ ਦਰਖ਼ਤਾਂ ਬਾਰੇ ਕੀ ਵੇਰਵੇ ਪ੍ਰਗਟ ਹੋਏ ਹਨ ?

ਉੱਤਰ: ਪਾਠ ਦੇ ਪਹਿਲੇ ਵੇਰਵੇ ਅਨੁਸਾਰ ਦੁਨੀਆਂ ਨੂੰ ਉਹਨਾਂ ਲੋਕਾਂ ਦੀ ਲੋੜ ਹੈ, ਜਿਨ੍ਹਾਂ ਦੀ ਦਰਖ਼ਤਾਂ ਨਾਲ਼ ਦੋਸਤੀ ਹੋਵੇ। ਦੂਜਾ ਵੇਰਵਾ ਹੈ ਕਿ ਤੁਰਨ ਨਾਲ਼ ਦਰਖ਼ਤ ਕਵਿਤਾਵਾਂ ਪ੍ਰਤੀਤ ਹੋਣ ਲੱਗ ਪੈਂਦੇ ਹਨ। ਤੀਜੇ ਵੇਰਵੇ ਵਿੱਚ ਦਰਖ਼ਤਾਂ ਦੇ ਸੰਜਮ ਦੀ ਗੱਲ ਕੀਤੀ ਗਈ ਹੈ। ਚੌਥੇ ਵਿੱਚ ਲੇਖਕ ਕਹਿੰਦਾ ਹੈ ਕਿ ਦਰਖ਼ਤਾਂ ਵਿੱਚੋਂ ਆਉਂਦੀ ਖੁਸ਼ਬੋ ਸਾਮ੍ਹਣੇ ਵਧੀਆ ਸੈਂਟ ਵੀ ਬਦਬੋ ਪ੍ਰਤੀਤ ਹੋਣ ਲੱਗ ਪੈਂਦੇ ਹਨ।

ਜਾਂ (OR)

(iv) 'ਪ੍ਰਾਰਥਨਾ' ਲੇਖ ਦੇ ਆਧਾਰ 'ਤੇ ਦੱਸੋ ਕਿ ਕੈਦੀ ਦੇ ਸੁਭਾਅ ਵਿੱਚ ਬਦਲਾਅ ਕਿਸ ਤਰ੍ਹਾਂ ਆਉਣਾ ਸ਼ੁਰੂ ਹੋਇਆ ?

ਉੱਤਰ: ਇੱਕ ਦਿਨ ਕੈਦੀ ਦੁਖੀ ਹੋ ਕੇ ਸਮਾਂ ਕੱਟਣ ਲਈ ਆਪਣੀ ਕੁਟੀਆ ਦੇ ਜਾਲ਼ੇ ਫਰੋਲ ਰਿਹਾ ਸੀ, ਅਚਾਨਕ ਪੁਰਾਣੀ ਪੋਥੀ ਉਸ ਦੇ ਹੱਥ ਲੱਗੀ ਤੇ ਉਹ ਉਸ ਨੂੰ ਪੜ੍ਹਨ ਬੈਠ ਗਿਆ। ਪੜ੍ਹਦੇ-ਪੜ੍ਹਦੇ ਇੱਕ ਤੁਕ ਦੇ ਅਰਥਾਂ ਨੇ ਉਸ ਦਾ ਸਾਰਾ ਵਿਵਹਾਰ ਹੀ ਬਦਲ ਦਿੱਤਾ, ਜ਼ਿੰਦਗੀ ਬਦਲ ਦਿੱਤੀ ਤੇ ਪਵਿੱਤਰ ਭਾਵ ਉਸ ਦੇ ਮਨ ਵਿੱਚ ਆ ਗਏ। ਉਹ ਸਭ ਨਾਲ਼ ਚੰਗਾ ਵਿਵਹਾਰ ਕਰਨ ਲੱਗ ਪਿਆ।

16. **ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50 ਤੋਂ 60 ਸ਼ਬਦਾਂ ਵਿੱਚ ਦਿਓ) : 1X4=4**

(i) 'ਔਰੰਗਜ਼ੇਬ ਇੱਕ ਸ਼ੱਕੀ ਸੁਭਾਅ ਵਾਲ਼ਾ ਬਾਦਸ਼ਾਹ ਸੀ।' ਇਸ ਕਥਨ ਬਾਰੇ 'ਜ਼ਫ਼ਰਨਾਮਾ' ਇਕਾਂਗੀ ਦੇ ਆਧਾਰ 'ਤੇ ਦਲੀਲਾਂ ਸਹਿਤ ਆਪਣੇ ਵਿਚਾਰ ਪ੍ਰਗਟਾਓ।

ਉੱਤਰ: ਵਿਦਿਆਰਥੀ ਆਪਣੀ ਸੋਚ ਤੇ ਸੂਝ-ਬੂਝ ਮੁਤਾਬਕ ਲਿਖਣਗੇ। ਸੋ ਪ੍ਰਮਾਣਿਕਤਾ ਨੂੰ ਸਮਝਦੇ ਹੋਏ ਬਣਦੇ ਅੰਕ ਦਿੱਤੇ ਜਾਣ।

(ii) 'ਦੂਜਾ ਵਿਆਹ' ਇਕਾਂਗੀ ਵਿੱਚ ਇੱਕ ਨੂੰਹ ਤੇ ਇੱਕ ਪਤਨੀ ਦੇ ਰੂਪ ਵਿੱਚ ਮਨਜੀਤ ਕੌਰ ਦੇ ਵਿਵਹਾਰ ਬਾਰੇ ਆਪਣੇ ਵਿਚਾਰ ਪ੍ਰਗਟ ਕਰੋ ।

ਉੱਤਰ: ਮਨਜੀਤ ਕੌਰ ਆਪਣੇ ਸਹੁਰੇ ਪਰਿਵਾਰ ਦੇ ਮੈਂਬਰਾਂ; ਸੱਸ, ਸਹੁਰੇ, ਪਤੀ, ਨਨਾਣ ਦਾ ਚੰਗੀ ਤਰ੍ਹਾਂ ਖਿਆਲ ਰੱਖਦੀ ਹੈ। ਸੱਸ ਦੇ ਕੌੜੇ ਬੋਲਾਂ ਨੂੰ ਹੱਸ ਕੇ ਟਾਲ ਦਿੰਦੀ ਹੈ, ਬੁਰਾ ਨਹੀਂ ਮਨਾਉਂਦੀ, ਸਹੁਰੇ ਦੀ ਖਾਣ-ਪੀਣ ਦੀ ਪਸੰਦ ਦਾ ਧਿਆਨ ਰੱਖਦੀ ਹੈ। ਉਹ ਪਤੀ ਪਤਨੀ ਨੂੰ ਸਾਥੀ ਅਤੇ ਬਰਾਬਰ ਦੇ ਹੱਕਦਾਰ ਮੰਨਦੀ ਹੈ ਅਤੇ ਪਤੀ ਦੇ ਆਗਿਆ ਅਨੁਸਾਰ ਉਸ ਦਾ ਨਾਂ ਲੈਣ ਲੱਗ ਜਾਂਦੀ ਹੈ।